# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623206, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com, ictpunjab1@gmail.com

## ਜਨਤਕ ਸੂਚਨਾ

1. ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਵਿੱਚ ਆਈ.ਸੀ.ਟੀ ਪ੍ਰੋਜੈਕਟ ਅਧੀਨ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਲਈ ਮਿਤੀ 28-03-2008 ਨੂੰ 1500 ਪੋਸਟਾਂ ਵਿਗਿਆਪਤ ਕੀਤੀਆਂ ਗਈਆਂ ਸਨ ਜਿਨ੍ਹਾਂ ਦਾ ਲ਼ਿਖਤੀ ਟੈਸਟ ਮਿਤੀ 08-06-2008 ਨੂੰ ਲਿਆ ਗਿਆ ਸੀ। ਇਸ ਲਿਖਤੀ ਟੈਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦੇ ਤੈਅ ਬੈਂਚ ਮਾਰਕ (ਜਨਰਲ ਵਰਗ ਲਈ 35 ਅਤੇ ਰਾਖਵੇਂ ਵਰਗ ਲਈ 20) ਤੋਂ ਘਟ ਅੰਕ ਪ੍ਰਾਪਤ ਕੀਤੇ ਸਨ ਅਤੇ ਇਕਰਾਰ ਦੀਆਂ ਸ਼ਰਤਾਂ ਅਨੁਸਾਰ ਲਿਖਤੀ ਟੈਸਟ ਇੱਕ ਸਾਲ ਦੇ ਅੰਦਰ-ਅੰਦਰ ਪਾਸ ਕਰਨਾ ਤੈਅ ਹੋਇਆ ਸੀ, ਜੋ ਕਿ ਮਿਤੀ 05-07-2009 ਨੂੰ ਲਿਆ ਜਾਣਾ ਸੀ, ਪਰ ਕਿਸੇ ਕਾਰਨ ਮੁਲਤਵੀ ਕਰ ਦਿੱਤਾ ਗਿਆ ਸੀ, ਹੁਣ ਮਿਤੀ 17-01-2010 ਨੂੰ ਲਿਆ ਜਾਣਾ ਸੀ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਿਵਲ ਰਿਟ ਪਟੀਸ਼ਨ ਨੰਬਰ 19129 ਆਫ 2009 ਤੇ ਮਿਤੀ 11-12-2009 ਨੂੰ ਲਏ ਫੈਸਲੇ ਅਨੁਸਾਰ ਇਹ ਟੈਸਟ ਅਗਲੇ ਹੁਕਮਾਂ ਤੱਕ ਮੁਲਤਵੀ ਕੀਤਾ ਜਾਂਦਾ ਹੈ।
2. ਪਰ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦਾ ਟੈਸਟ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਤਰਾਂ ਦਾ ਕੋਈ ਸਟੇ ਆਡਰ ਜਾਰੀ ਨਹੀਂ ਕੀਤਾ ਹੈ। ਇਸ ਨੂੰ ਮੁੱਖ ਰਖਦੇ ਹੋਏ ਸਬਸਟੀਚਿਊਟ ਕੰਪਿਊਟਰ ਅਧਿਆਪਕਾਂ ਦਾ ਟੈਸਟ ਪਹਿਲਾਂ ਵਾਂਗ ਹੀ ਮਿਤੀ 17-01-2010 ਨੂੰ ਦੁਪਹਿਰ 12:00 ਤੋਂ 1:00 ਵਜੇ ਤੱਕ ਸਰਕਾਰੀ ਮਾਡਲ ਸੀ.ਸੈ.ਸਕੂਲ, ਫੇਜ 3 ਬੀ-1, ਐਸ.ਏ.ਐਸ ਨਗਰ ਵਿਖੇ ਲਿਆ ਜਾਵੇਗਾ।ਇਸ ਸਬੰਧੀ ਕੋਈ ਵੱਖਰੀ ਜਾਣਕਾਰੀ ਨਹੀਂ ਦਿੱਤੀ ਜਾਵੇਗੀ। ਸਮੇਂ-ਸਮੇਂ ਸਿਰ ਜਾਰੀ ਹੋਣ ਵਾਲੀਆਂ ਹਦਾਇਤਾਂ www.ssapunjab.org ਤੇ ਵੇਖਿਆਂ ਜਾ ਸਕਦੀਆਂ ਹਨ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ, ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ।**